ਗੁਰੂ ਨਾਨਕ - ਸਬਦ ੧੧

ਸੁਣਿਐ ਈਸਰੁ ਬਰਮਾ ਇੰਦੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥
ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੯॥

ਸਾਰ: ਅੰਤਹਕਰਣ ਦੀ ਪੜਚੋਲ ਜਦੋਂ ਚੇਤੰਨਤਾ ਨਾਲ ਹੁੰਦੀ ਹੈ, ਤਦ ਅੰਤਰੀਵੀ ਮਨੁੱਖੀ ਗੁਣਾਂ ਦੇ ਅਨੁਭਵ ਦਾ ਨਿਰਮਾਣ ਹੁੰਦਾ ਹੈ ਜੋ ਦੇਹੀ ਦੇ ਅੰਦਰ ਅਤੇ ਬਾਹਰ ਕੀ ਵਸਦਾ ਹੈ ਉਸ ਬਾਰੇ ਜਾਗਰੂਕਤਾ ਪੈਦਾ ਕਰਦੇ ਹਨ।

ਸੁਣਿਐ ਈਸਰੁ ਬਰਮਾ ਇੰਦੁ ॥
ਮੂਲ ਮਨੁੱਖੀ ਗੁਣਾਂ ਪ੍ਰਤੀ ਸੁਚੇਤਤਾ ਰਾਹੀਂ, ਸਰਵੋਤਮ ਸਵੈ ਦੀ ਜਾਗਰੂਕਤਾ ਪ੍ਰਾਪਤ ਹੁੰਦੀ ਹੈ।

ਸੁਣਿਐ ਮੁਖਿ ਸਾਲਾਹਣ ਮੰਦੁ ॥
ਚੇਤੰਨਤਾ ਦੇ ਅਭਿਆਸ ਰਾਹੀਂ, ਮਾਰੂ ਸੋਚ ਵੱਲ ਝੁਕੇ ਹੋਏ ਵੀ ਉਸਾਰੂ ਸੋਚ ਦੀ ਸ਼ਲਾਘਾ ਕਰਦੇ ਹਨ।

ਸੁਣਿਐ ਜੋਗ ਜੁਗਤਿ ਤਨਿ ਭੇਦ ॥
ਆਪਣੀ ਹੋਂਦ ਦੀ ਨਿਰੀਖਆ ਰਾਹੀਂ, ਅਦ੍ਰਿਸ਼ਟ ਮਨ ਦੀ ਰਹੱਸਤਾ ਅਤੇ ਭੌਤਿਕ ਸਰੀਰ ਬਾਰੇ ਅਨੁਮਾਨ ਲਗਾਇਆ ਜਾਂਦਾ ਹੈ।

ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਰੂਹਾਨੀ ਸ਼ਾਸਤਰਾਂ ਵਿੱਚਲੇ ਗਿਆਨ ਨੂੰ ਸਮਝਣ ਨਾਲ, ਸੁਚੇਤ ਰਹਿਣ ਦੀ ਮਤ ਪ੍ਰਾਪਤ ਹੁੰਦੀ ਹੈ।

ਨਾਨਕ ਭਗਤਾ ਸਦਾ ਵਿਗਾਸੁ ॥

ਨਾਨਕ ਆਖਦੇ ਹਨ ਕਿ ਜੋ ਗਿਆਨ ਪ੍ਰਾਪਤ ਕਰਨ ਲਈ ਸਮਰਪਤ ਹਨ ਉਹ ਸਦਾ ਅਨੰਦਮਈ ਅਵਸਥਾ ਵਿੱਚ ਵਿਚਰਦੇ ਹਨ।

ਸੁਣਿਐ ਦੂਖ ਪਾਪ ਕਾ ਨਾਸੁ ॥੯॥

ਅਜਿਹੇ ਅਮਲਾਂ ਨੂੰ ਧਾਰਨ ਕਰਨ ਨਾਲ ਮਾਰੂ ਵਿਚਾਰਾਂ ਦੀ ਪੀੜ ਦੂਰ ਹੋ ਜਾਂਦੀ ਹੈ। (੯)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਜੋ ਇਕਾਗਰਤਾ ਨਾਲ ਬਿਬੇਕ ਪ੍ਰਾਪਤ ਕਰਨ ਲਈ ਸਵੈ-ਜਾਗਰੂਕਤਾ ਅਤੇ ਸ਼ਰਧਾ ਵੱਲ ਵੱਧਦਾ ਹੈ, ਉਹ ਮਾਨਸਿਕ ਪੱਧਰ ਦੀ ਅਵਸਥਾ ਵਿੱਚ ਸਦੀਵੀ ਅਨੰਦ ਪ੍ਰਾਪਤ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**